# ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
## ਐਸ.ਸੀ.ਓ. ਨੰ: 104-106, ਦੂਜੀ-ਤੀਜੀ ਮੰਜ਼ਿਲ, ਸੈਕਟਰ-34ਏ, ਚੰਡੀਗੜ੍ਹ।

ਵੱਲ:

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
ਪੰਜਾਬ।

ਮੀਮੋ ਨੰ: 2009/SSA/RP-SS/S/0003 - 0022
ਮਿਤੀ, ਚੰਡੀਗੜ੍ਹ: 16.11.09.

**ਵਿਸ਼ਾ:** **ਰੇਡੀਓ ਪ੍ਰੋਗਰਾਮ ਦੀ ਬਰੌਡ-ਕਾਸਟਿੰਗ ਸਬੰਧੀ।**

ਜਿਸ ਤਰ੍ਹਾਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਸਰਵ ਸਿੱਖਿਆ ਅਭਿਆਨ ਅਧੀਨ ਸਾਲ 2008-09 ਵਿਚ 1 ਤੋਂ 5ਵੀਂ ਤੱਕ ਦੇ ਵਿਦਿਆਰਥੀਆਂ ਵਾਸਤੇ ਅਕਾਸ਼ਵਾਣੀ ਰਾਹੀਂ ਪ੍ਰੋਗਰਾਮ ਪ੍ਰਸਾਰਿਤ ਕੀਤਾ ਗਿਆ ਸੀ। ਇਸ ਸਾਲ ਵੀ ਸਰਵ ਸਿੱਖਿਆ ਅਭਿਆਨ ਨੇ ਫੈਸਲਾ ਕੀਤਾ ਹੈ ਕਿ ਅਕਾਸ਼ਵਾਣੀ ਰਾਹੀਂ ਤੀਜੀ ਤੋਂ ਪੰਜਵੀਂ ਤੱਕ ਦੇ ਵਿਦਿਆਰਥੀਆਂ ਲਈ **ਰੇਡੀਓ ਕਲਾਸਰੂਮ ਪ੍ਰੋਗਰਾਮ – ਸੁਣੋ ਸੁਣਾਵਾਂ** ਫਿਰ **ਮਿਤੀ 23.11.2009 ਤੋਂ 10.02.2010 ਤੱਕ** ਪ੍ਰਸਾਰਿਤ ਕੀਤਾ ਜਾਵੇਗਾ। ਇਸ ਸਬੰਧ ਵਿਚ ਅਕਾਸ਼ਵਾਣੀ ਜਲੰਧਰ ਨੂੰ ਇਹ ਪ੍ਰੋਗਰਾਮ ਉਨ੍ਹਾਂ ਦੇ ਚਾਰ ਸਟੇਸ਼ਨਾਂ ਜਿਵੇਂ ਕਿ ਅਕਾਸ਼ਵਾਣੀ ਜਲੰਧਰ, ਐਫ.ਐਮ.ਰੇਨਬੋ ਜਲੰਧਰ, ਅਕਾਸ਼ਵਾਣੀ ਬਠਿੰਡਾ ਅਤੇ ਅਕਾਸ਼ਵਾਣੀ ਪਟਿਆਲਾ ਤੋਂ ਪ੍ਰਸਾਰਿਤ ਕਰਨ ਲਈ ਵੱਖਰੇ ਤੌਰ ਤੇ ਤਜਵੀਜ਼ ਭੇਜ ਦਿੱਤੀ ਗਈ ਹੈ।

ਇਸ ਤੋਂ ਪਹਿਲਾਂ ਕਿ ਪ੍ਰਸਾਰਣ ਸ਼ੁਰੂ ਹੋਵੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਦੇ ਅਧੀਨ ਸਾਰੇ ਸਕੂਲਾਂ ਨੂੰ ਇਹ ਹਦਾਇਤ ਕਰ ਦਿੱਤੀ ਜਾਵੇ ਕਿ ਪ੍ਰੋਗਰਾਮ ਪ੍ਰਸਾਰਿਤ ਹੋਣ ਤੋਂ ਪਹਿਲਾਂ-ਪਹਿਲਾਂ ਉਹ ਇਹ ਯਕੀਨੀ ਬਣਾਉਣ ਕਿ ਉਨ੍ਹਾਂ ਦੇ ਸਕੂਲਾਂ ਵਿਚ ਜੋ ਪਿਛਲੇ ਸਾਲ ਰੇਡੀਓ ਸੈਟ ਖਰੀਦੇ ਗਏ ਸਨ ਉਹ ਚਾਲੂ ਹਾਲਤ ਵਿਚ ਹੋਣੇ ਚਾਹੀਦੇ ਹਨ। ਜੇਕਰ ਕਿਸੇ ਸਕੂਲ ਵਿਚ ਕਿਸੇ ਸੈਟ ਵਿਚ ਕੋਈ ਨੁਕਸ ਜਾਂ ਊਣਤਾਈ ਹੈ ਤਾਂ ਪ੍ਰੋਗਰਾਮ ਸ਼ੁਰੂ ਹੋਣ ਤੋਂ ਪਹਿਲਾਂ-ਪਹਿਲਾਂ ਉਸ ਨੂੰ ਠੀਕ ਕਰਵਾ ਲਿਆ ਜਾਵੇ।

ਰੇਡੀਓ ਪ੍ਰੋਗਰਾਮ ਦਾ ਸਮਾਂ **ਬਾਅਦ ਦੁਪਹਿਰ 2:10 ਮਿੰਟ ਤੋਂ 2:30 ਮਿੰਟ** ਤੱਕ ਹੈ। ਪ੍ਰੋਗਰਾਮ ਦੀ ਸਮਾਂ ਸਾਰਣੀ ਨਾਲ ਨੱਥੀ ਕਰਕੇ ਭੇਜੀ ਜਾ ਰਹੀ ਹੈ ਜੋ ਕਿ ਸਾਰੇ ਸਕੂਲਾਂ ਦੇ ਧਿਆਨ ਵਿਚ ਲਿਆ ਦਿੱਤੀ ਜਾਵੇ।

ਧਿਆਨ ਰੱਖਿਆ ਜਾਵੇ ਕਿ ਕਿਸੇ ਵੀ ਸਕੂਲ ਵਿਚ ਅਗਰ ਕੋਈ ਵੀ ਪ੍ਰੋਗਰਾਮ ਜੋ ਅਕਾਸ਼ਵਾਣੀ ਤੋਂ ਪ੍ਰਸਾਰਿਤ ਤਾਂ ਹੋਇਆ ਪ੍ਰੰਤੂ ਬੱਚਿਆਂ ਨੂੰ ਸੁਣਾਇਆ ਨਹੀਂ ਗਿਆ ਤਾਂ ਇਹ ਸਬੰਧਤ ਅਧਿਆਪਕ, ਮੁੱਖ ਅਧਿਆਪਕ (ਹੈਡ ਟੀਚਰ) ਅਤੇ ਬੀ.ਪੀ.ਈ.ਓ. ਦੀ ਨਿੱਜੀ ਜ਼ਿੰਮੇਵਾਰੀ ਹੋਵੇਗੀ।

ਬਿਜਲੀ ਆਦਿ ਦੇ ਕੱਟ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਸੈਲਾਂ ਦਾ ਬਦਲਵਾਂ ਇੰਤਜ਼ਾਮ ਲਾਜ਼ਮੀ ਤੌਰ ਤੇ ਰੱਖਿਆ ਜਾਵੇ ਜੋ ਕਿ ਸਕੂਲ ਗ੍ਰਾਂਟ ਵਿਚੋਂ ਖਰੀਦੇ ਜਾ ਸਕਦੇ ਹਨ।

**ਸਹੀ/-**
**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**